# ਡਾਇਰੈਕਟੋਰੇਟ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ
## ਖੇਤੀ ਭਵਨ, ਫੇਜ-6, ਐਸ.ਏ.ਐਸ ਨਗਰ।
## (ਇੰਜ: ਸ਼ਾਖਾ)

ਵੱਲ,

i. Agricultural Machinery Manufacturers Association (AMMA)
ii. The Punjab State Agricultural Implements Manufacturers Association (PSAIMA)
iii. All India Straw Management Machinery Manufacturers Association (AISMMMA).

ਮੀਮੋ ਨੰ: ਇੰਜ./2023/ 908-910
ਮਿਤੀ:ਐਸ.ਏ.ਐਸ ਨਗਰ/ 06/03/2023

ਵਿਸ਼ਾ:- www.agrimachinerypb.com ਪੋਰਟਲ ਤੇ ਫਸਲੀ ਵਿਭਿਨਤਾ ਪ੍ਰੋਗਰਾਮ (ਸੀ.ਡੀ.ਪੀ) ਸਕੀਮ ਅਤੇ ਸੈਂਟਰਲ ਸਪਾਂਸਰਡ ਸਬਮਿਸ਼ਨ ਆਨ ਐਗਰੀਕਲਚਰਲ ਮੈਕਾਨਾਈਜ਼ੇਸ਼ਨ (ਸਮੈਮ) ਸਕੀਮ ਅਧੀਨ ਕੇਵਲ ਅਧੀਨ ਨਿਰਮਾਤਾ ਫਰਮਾਂ ਵੱਲੋਂ ਕੇਵਲ ਪ੍ਰਵਾਨਿਤ ਸੰਦ/ਮਸ਼ੀਨ ਉਪਦਾਨ ਤੇ ਦੇਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਰਾਜ ਵਿੱਚ ਫਸਲੀ ਵਿਭਿਨਤਾ ਪ੍ਰੋਗਰਾਮ (ਸੀ.ਡੀ.ਪੀ) ਅਤੇ ਸੈਂਟਰਲ ਸਪਾਂਸਰਡ ਸਬਮਿਸ਼ਨ ਆਨ ਐਗਰੀਕਲਚਰਲ ਮੈਕਾਨਾਈਜ਼ੇਸ਼ਨ (ਸਮੈਮ) ਸਕੀਮ ਅਧੀਨ ਵੱਖ-ਵੱਖ ਖੇਤੀ ਸੰਦ/ਮਸ਼ੀਨਾਂ ਸਬਸਿਡੀ ਤੇ ਕਿਸਾਨਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਵਿਭਾਗ ਵੱਲੋਂ ਕਿਸਾਨਾਂ ਨੂੰ ਮਿਆਰੀ ਸੰਦ ਉਪਲੱਬਧ ਕਰਾਉਣ ਲਈ ਭਾਰਤ ਸਰਕਾਰ ਦੀ ਗਾਈਡਲਾਈਨਜ਼ ਅਨੁਸਾਰ ਵੱਖ-ਵੱਖ ਸੰਦਾਂ ਦੇ ਖੇਤੀ ਨਿਰਮਾਤਾ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਰਾਹੀਂ ਇੰਪੈਨਲ ਕੀਤੇ ਗਏ ਸਨ।

2. www.agrimachinerypb.com ਪੋਰਟਲ ਤੇ ਇਨ੍ਹਾਂ ਸਕੀਮਾਂ ਅਧੀਨ ਵੱਖ-ਵੱਖ ਸੰਦਾਂ ਲਈ ਅਪਲੋਡ ਹੋਈ ਇੰਨਵੈਂਟਰੀ ਅਤੇ ਬਿਲ੍ਹਾਂ ਨੂੰ ਘੋਖਣ ਸਮੇਂ ਇਹ ਪਾਇਆ ਗਿਆ ਕਿ ਕੁੱਝ ਨਿਰਮਾਤਾ/ ਫਰਮਾਂ ਉਨ੍ਹਾਂ ਮਸ਼ੀਨਾਂ ਲਈ ਬਿੱਲ ਅਤੇ ਇੰਨਵੈਂਨਟਰੀ ਪੋਰਟਲ ਤੇ ਅਪਲੋਡ ਕਰ ਰਹੇ ਹਨ ਜਿਸ ਲਈ ਉਹ ਇੰਪੈਨਲਡ ਨਹੀਂ ਹਨ। ਇਸੇ ਤਰ੍ਹਾਂ ਕੁੱਝ ਨਿਰਮਾਤਾ ਫਰਮਾਂ ਦੀ ਇੰਪੈਂਨਲਡ ਸੰਦਾਂ/ਮਸ਼ੀਨਾਂ ਲਈ ਟੈਸਟ ਰਿਪੋਰਟ ਦੀ ਮਿਆਦ ਖਤਮ ਹੋ ਚੁੱਕੀ ਹੈ।

3. ਆਪ ਨੂੰ ਇਸ ਪੱਤਰ ਰਾਹੀਂ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਸਮੂਹ ਖੇਤੀ ਮਸ਼ੀਨਰੀ ਨਿਰਮਾਤਾਵਾਂ ਨੂੰ ਇਹ ਸੂਚਿਤ ਕੀਤਾ ਜਾਵੇ ਕਿ ਸਿਰਫ ਉਨ੍ਹਾਂ ਸੰਦਾ/ਮਸ਼ੀਨਾਂ ਦੇ ਬਿੱਲ ਅਪਲੋਡ ਕੀਤੇ ਜਾਣ ਜਿਸ ਲਈ ਉਹ ਇੰਪੈਂਨਲਡ ਹਨ। ਜੇਕਰ ਕਿਸੇ ਨਿਰਮਾਤਾ ਦੁਆਰਾ ਇੰਪੈਂਨਲਡ ਮਸ਼ੀਨਾਂ ਤੋਂ ਬਿਨ੍ਹਾਂ ਕਿਸੇ ਹੋਰ ਮਸ਼ੀਨ ਦੀ ਇੰਨਵੈਂਟਰੀ ਜਾਂ ਬਿੱਲ ਅਪਲੋਡ ਕੀਤਾ ਜਾਂਦਾ ਹੈ ਤਾਂ ਵਿਭਾਗ ਵੱਲੋਂ ਕਾਰਵਾਈ ਆਰੰਭੀ ਜਾਵੇਗੀ। ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਸਮੂਹ ਨਿਰਮਾਤਾਵਾਂ ਨੂੰ ਇਹ ਜਾਣੂੰ ਕਰਵਾ ਦਿੱਤਾ ਜਾਵੇ ਕਿ ਸਿਰਫ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ / ਵਿਭਾਗ ਦੁਆਰਾ ਇੰਪੈਂਨਲਡ ਮਸ਼ੀਨਾਂ ਦੀ ਹੀ ਇੰਨਵੈਂਟਰੀ ਟੈਸਟ ਰਿਪੋਰਟ ਦੀ ਵੈਂਧਤਾ ਚੈੱਕ ਕਰਨ ਉਪਰੰਤ ਅਪਲੋਡ ਕੀਤੀ ਜਾਵੇ।

ਇਸ ਵੱਲ ਉਚੇਚਾ ਧਿਆਨ ਦਿੰਦੇ ਹੋਏ ਸਮੂਹ ਖੇਤੀ ਮਸ਼ੀਨਰੀ ਨਿਰਮਾਤਾਵਾਂ ਨੂੰ ਜਾਣੂੰ ਕਰਵਾ ਦਿੱਤਾ ਜਾਵੇ ਤਾਂ ਜੋ ਸਕੀਮਾਂ ਨੂੰ ਸੁਚਾਰੂ ਢੰਗ ਨਾਲ ਰਾਜ ਵਿੱਚ ਲਾਗੂ ਕੀਤਾ ਜਾਵੇ।

ਸਹਾਇਕ 6/2/23
ਸੰ.ਡਾ.ਖਬ.(ਇੰਜ.)
ਦਫਤਰ ਡਾਇਰੈਕਟਰ ਖੇਤੀਬਾੜੀ ਅਤੇ
ਕਿਸਾਨ ਭਲਾਈ ਵਿਭਾਗ, ਪੰਜਾਬ।